# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ
# ਪੰਜਾਬ ਐਸ.ਸੀ.ਓ. 104-106, ਸੈਕਟਰ 34-ਏ, ਚੰਡੀਗੜ੍ਹ

ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ।

ਮੀਮੋ ਨੰ. ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2010/57415
ਮਿਤੀ ਚੰਡੀਗੜ੍ਹ 08.09.2010

**ਵਿਸ਼ਾ: ਸੀ.ਐਮ.ਟੀ./ਬੀ.ਐਮ.ਟੀ. ਦੀ ਇੱਕ ਰੋਜ਼ਾ ਓਰੀਐਂਨਟੇਸ਼ਨ ਵਰਕਸ਼ਾਪ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪ੍ਰਾਇਮਰੀ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਪੰਜਾਬ ਸਰਕਾਰ ਦੁਆਰਾ ਪੜ੍ਹੋ ਪੰਜਾਬ ਪ੍ਰੋਗਰਾਮ ਚਲਾਇਆ ਗਿਆ ਹੈ। ਇਸ ਪ੍ਰੋਗਰਾਮ ਅਧੀਨ ਹਰੇਕ ਜ਼ਿਲ੍ਹੇ ਅੰਦਰ ਪੜ੍ਹੋ ਪੰਜਾਬ ਕੋਆਰਡੀਨੇਟਰ, ਸਹਾਇਕ ਕੋਆਰਡੀਨੇਟਰ, ਸੀ.ਐਮ.ਟੀ. ਅਤੇ ਬੀ.ਐਮ.ਟੀ. ਲਗਾਏ ਗਏ ਹਨ।

3.0 ਇਹਨਾਂ ਸੀ.ਐਮ.ਟੀ. ਅਤੇ ਬੀ.ਐਮ.ਟੀ. ਦੀ ਇੱਕ ਰੋਜ਼ਾ ਓਰੀਐਂਨਟੇਸ਼ਨ ਵਰਕਸ਼ਾਪ ਹੇਠ ਲਿਖੇ ਸ਼ਡਿਊਲ ਅਨੁਸਾਰ ਮੁੱਖ ਦਫ਼ਤਰ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਆਡੀਟੋਰੀਅਮ ਵਿੱਚ ਰੱਖੀ ਗਈ ਹੈ:-

| ਲੜੀ ਨੰ. | ਮਿਤੀ | ਦਿਨ | ਬੁਲਾਏ ਜਾਣ ਵਾਲੇ ਜ਼ਿਲ੍ਹੇ |
|---|---|---|---|
| 1. | 11.9.2010 | ਸ਼ਨੀਵਾਰ | ਗੁਰਦਾਸਪੁਰ, ਫਿਰੋਜ਼ਪੁਰ,ਬਰਨਾਲਾ |
| 2. | 12.9.2010 | ਐਤਵਾਰ | ਅੰਮ੍ਰਿਤਸਰ,ਪਟਿਆਲਾ,ਜਲੰਧਰ,ਰੋਪੜ |
| 3 | 13.9.2010 | ਸੋਮਵਾਰ | ਤਰਨਤਾਰਨ,ਸੰਗਰੂਰ,ਮੁਕਤਸਰ,ਕਪੂਰਥਲਾ ਬਠਿੰਡਾ,ਫਤਿਹਗੜ੍ਹ ਸਾਹਿਬ |
| 4 | 14.9.2010 | ਮੰਗਲਵਾਰ | ਲੁਧਿਆਣਾ,ਮਾਨਸਾ,ਫਰੀਦਕੋਟ,ਹੁਸ਼ਿਆਰਪੁਰ ਨਵਾਂਸ਼ਹਿਰ,ਮੋਗਾ,ਮੁਹਾਲੀ |

4.0 ਉਪਰੋਕਤ ਸ਼ਡਿਊਲ ਅਨੁਸਾਰ ਆਪ ਜੀ ਦੇ ਜ਼ਿਲ੍ਹੇ ਦੇ ਪੜ੍ਹੋ ਪੰਜਾਬ ਕੋਆਰਡੀਨੇਟਰ, ਸਹਾਇਕ ਕੋਆਰਡੀਨੇਟਰ, ਸੀ.ਐਮ.ਟੀ. ਅਤੇ ਬੀ.ਐਮ.ਟੀ. ਦਾ ਇਸ ਵਰਕਸ਼ਾਪ ਵਿੱਚ ਭਾਗ ਲੈਣਾ ਯਕੀਨੀ ਬਣਾਇਆ ਜਾਵੇ ਜੀ।

5.0 ਇਸ ਸਬੰਧ ਵਿੱਚ ਆਉਣ ਵਾਲਾ ਖਰਚਾ ਟੀਚਰ ਟ੍ਰੇਨਿੰਗ ਮਦ ਵਿੱਚੋਂ ਕੀਤਾ ਜਾਣਾ ਹੈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਪਿਠ ਅੰਕਣ ਨੰ: ਉਕਤ/57416** **ਮਿਤੀ 08.09.2010**

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1) ਸਮੂਹ ਪ੍ਰਿੰਸੀਪਲ, ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਪੰਜਾਬ। (ਵੈੱਬਸਾਈਟ ਰਾਹੀਂ)

2) ਸਮੂਹ ਪੜ੍ਹੋ ਪੰਜਾਬ ਜ਼ਿਲ੍ਹਾ ਕੋਆਰਡੀਨੇਟਰ।(ਵੈੱਬਸਾਈਟ ਰਾਹੀਂ)

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**